# ਨਸਲੀ ਬਰਾਬਰਤਾ ਦੇ ਪ੍ਰਚਾਰ 'ਤੇ
# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਕਿਰਤ ਅਤੇ ਭਲਾਈ ਬਿਊਰੋ (ਲੇਬਰ ਐਂਡ ਵੈਲਫੇਅਰ ਬਿਊਰੋ)

ਲੇਬਰ ਐਂਡ ਵੈਲਫੇਅਰ ਬਿਊਰੋ (LWB) ਦਾ ਮਿਸ਼ਨ ਕਰਮਚਾਰੀਆਂ ਦੇ ਅਧਿਕਾਰਾਂ ਅਤੇ ਲਾਭਾਂ ਦੀ ਰਾਖੀ ਕਰਨਾ ਅਤੇ ਪੱਛੜੇ ਲੋਕਾਂ ਦੀ ਭਲਾਈ ਕਰਨ ਨੂੰ ਉਤਸ਼ਾਹਤ ਕਰਨਾ ਹੈ। LWB ਜਨਤਾ ਦੇ ਮੈਂਬਰਾਂ ਨੂੰ ਉਹਨਾਂ ਦੇ ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਗੁਣਵੱਤਾ ਵਾਲੀ ਸੇਵਾ ਪ੍ਰਦਾਨ ਕਰਨ ਲਈ ਵਚਨਬੱਧ ਹੈ।

| | |
|---|---|
| ਸਬੰਧਿਤ ਸੇਵਾਵਾਂ | • ਜਨਤਾ ਨੂੰ ਦਿੱਤੀਆਂ ਜਾਂਦੀਆਂ ਸੇਵਾਵਾਂ ਨਸਲਾਂ ਦੇ ਸੰਬੰਧ ਵਿੱਚ ਨਿਰਪੱਖ ਹਨ।<br>• ਸੇਵਾਵਾਂ ਚੀਨੀ ਅਤੇ / ਜਾਂ ਅੰਗਰੇਜ਼ੀ ਵਿੱਚ ਦਿੱਤੀਆਂ ਜਾਂਦੀਆਂ ਹਨ। ਜਿੱਥੇ ਉਚਿਤ ਅਤੇ ਅਭਿਆਸਯੋਗ ਹੋਵੇ, LWB ਅੱਠ ਭਾਸ਼ਾਵਾਂ ਅਰਥਾਤ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਉਰਦੂ, ਤਗਾਲੋਗ, ਥਾਈ ਅਤੇ ਵੀਅਤਨਾਮੀ ਵਿੱਚ ਘੱਟਗਿਣਤੀ ਲੋਕਾਂ ਦੀ ਏਕਤਾ ਅਤੇ ਤਰੱਕੀ ਲਈ ਕੇਂਦਰ ਜਾਂ ਹੋਰ ਸੇਵਾ ਪ੍ਰਦਾਤਾਵਾਂ ਦੁਆਰਾ ਵਿਆਖਿਆ / ਅਨੁਵਾਦ ਸੇਵਾ ਦਾ ਪ੍ਰਬੰਧ ਕਰਦਾ ਹੈ।<br>• LWB ਸਟਾਫ ਦੀ ਨਸਲੀ ਬਰਾਬਰਤਾ ਦੀ ਸਮਝ ਵਿੱਚ ਵਾਧੇ ਲਈ ਜਾਤੀ ਵਿਤਕਰਾ ਆਰਡੀਨੈਂਸ ਅਤੇ ਇਸ ਨਾਲ ਜੁੜੇ ਮੁੱਦਿਆਂ ਦੀ ਸਿਖਲਾਈ ਵਿੱਚ ਸ਼ਾਮਲ ਹੋਣ ਲਈ ਸਟਾਫ ਨੂੰ ਉਤਸ਼ਾਹਤ ਕਰਦਾ ਹੈ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • LWB ਸਮੇਂ ਸਮੇਂ ਤੇ ਆਪਣੀਆਂ ਸੇਵਾਵਾਂ ਦੀ ਸਮੀਖਿਆ ਕਰਦਾ ਹੈ ਅਤੇ ਜਰੂਰੀ ਹੋਣ ਤੇ ਸੁਧਾਰ ਕਰਦਾ ਹੈ। |
| ਕੀਤੇ ਗਏ/ ਕੀਤੇ ਜਾਣ ਵਾਲੇ ਹੋਰ ਉਪਾਅ | • LWB ਕੀਤੇ ਗਏ ਉਪਾਵਾਂ ਦੇ ਪ੍ਰਭਾਵ ਦਾ ਪਤਾ ਲਗਾਉਣ ਲਈ ਵੱਖ ਵੱਖ ਨਸਲਾਂ ਦੇ ਲੋਕਾਂ ਦੁਆਰਾ ਵਿਆਖਿਆ ਅਤੇ ਅਨੁਵਾਦ ਸੇਵਾਵਾਂ ਦੀ ਜਰੂਰਤਾਂ ਅਤੇ ਵਰਤੋਂ ਬਾਰੇ ਡਾਟਾ ਅਤੇ ਅੰਕੜੇ ਇਕੱਤਰ ਕਰੇਗਾ। |

ਉਪਰੋਕਤ ਉਪਾਵਾਂ ਬਾਰੇ ਪੁੱਛਗਿੱਛ ਲਈ, ਕਿਰਪਾ ਕਰਕੇ ਕਾਰਜਕਾਰੀ ਅਧਿਕਾਰੀ (ਵੈਲਫੇਅਰ) ਪ੍ਰਸ਼ਾਸਨ 2 Mr Mark CHEN ਨਾਲ ਹੇਠ ਦਿੱਤੇ ਮਾਧਿਅਮਾਂ ਰਾਹੀਂ ਸੰਪਰਕ ਕਰੋ –


| | | |
|---|---|---|
| ਟੈਲੀਫੋਨ ਨੰ. | : | 2810 3278 |
| ਫੈਕਸ ਨੰ.. | : | 2523 1973 |
| ਈਮੇਲ | : | enquiry@lwb.gov.hk |


**ਕਿਰਤ ਅਤੇ ਭਲਾਈ ਬਿਊਰੋ**
**ਅਕਤੂਬਰ 2022**